## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਲੋਕ ਕਿਸੇ ਪਾਸੇ ਨਹੀਂ ਛੱਡਦੇ! ਸਾਡੇ ਲਈ ਸਭ ਤੋਂ ਵੱਧ ਸੰਕਟ ਦਾ ਸਮਾਂ

ਦੋਸਤੋਂ ਤੁਹਾਨੂੰ ਪਤਾ ਹੈ ਕਿ ਅਸੀਂ ਪਿਛਲੇ ਵੀਹ ਵਰ੍ਹਿਆ ਤੋਂ ਸੱਚੀ -ਸੁਚੀ ਅਤੇ ਇਮਾਨਦਾਰੀ ਦੀ ਪੱਤਰਕਾਰੀ ਕਰ ਰਹੇ ਹਾਂ। ਦਿਨ-ਰਾਤ ਇੱਕ ਕਰਕੇ 'ਮਹਿਕ ਵਤਨ ਦੀ ਲਾਈਵ' ਮੈਗਜੀਨ ਨੂੰ ਚਲਾਇਆ ਹੈ ਅਤੇ ਹੁਣ ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ. ਲਈ ਵੀ ਸਾਨੂੰ ਦਿਨ ਰਾਤ ਭੱਜਣਾ ਪੈ ਰਿਹਾ ਹੈ।

ਅਸੀਂ ਸੰਨ 2000 ਦੇ ਦਸੰਬਰ ਵਿੱਚ 'ਮਹਿਕ ਵਤਨ ਦੀ' ਮੈਗਜੀਨ ਸ਼ੁਰੂ ਕੀਤਾ ਸੀ। ਇਸ ਸਮੇਂ ਦੌਰਾਨ ਅਨੇਕਾਂ ਉਤਰਾ-ਚੜਾਅ ਆਏ ਪਰ ਹਿੰਮਤ ਨਹੀਂ ਹਾਰੀ, ਸਗੋਂ ਹਰ ਮੁਸ਼ਕਿਲ ਦਾ ਮੁਕਾਬਲਾ ਕੀਤਾ। ਸਮੇਂ-ਸਮੇਂ ਬਹੁੱਤ ਸਾਰੇ ਸਵਾਰਥੀ ਲੋਕ ਮੇਰੇ ਸੰਪਰਕ ਵਿੱਚ ਆਏ, ਜਿਨ੍ਹਾ ਨੇ ਆਪਣੇ ਨਿੱਜੀ ਸਵਾਰਥ ਲਈ ਮੇਰੇ ਨਾਮ ਦਾ ਇਸਤੇਮਾਲ ਕੀਤਾ। ਖੈਰ!

ਜੇ ਅੱਜ ਦੇ ਟਾਈਮ ਦੀ ਗੱਲ ਕਰੀਏ ਤਾਂ ਅੱਜ ਪੰਜਾਬੀ ਮੈਗਜੀਨ ਤੇ ਪੰਜਾਬੀ ਅਖ਼ਬਾਰਾਂ ਲਈ ਸਭ ਤੋਂ ਵੱਧ ਸੰਕਟ ਦਾ ਸਮਾਂ ਹੈ। ਸਭ ਨੂੰ ਪਤਾ ਹੈ ਕਿ ਇਸ਼ਤਿਹਾਰ ਅਖਬਾਰ ਜਾਂ ਮੈਗਜੀਨ ਦੀ ਰੀੜ ਦੀ ਹੱਡੀ ਹਨ ਜਿਸ ਬਿਨਾਂ ਅਖ਼ਬਾਰ ਤੇ ਮੈਗਜੀਨ ਚੱਲ ਨਹੀਂ ਸਕਦੇ। ਅੱਜ ਦੇ ਵਕਤ ਵਿੱਚ ਮੈਗਜੀਨ ਤੇ ਅਖ਼ਬਾਰਾਂ ਇਸ਼ਤਿਹਾਰ ਕਿਥੋਂ ਲੈਣ ? ਇਸ਼ਤਿਹਾਰ ਦੇਣ ਵਾਲੇ ਵਪਾਰ, ਕਾਰਖ਼ਾਨੇ, ਇਸ਼ਤਿਹਾਰ ਏਜੰਸੀਆਂ ਸਭ ਬੰਦ ਹਨ। ਕਲਾਕਾਰ, ਅਦਾਕਾਰ, ਸੰਤ ਮਹਾਪੁਰਖ ਸਭ ਦੀ ਕਮਾਈ ਰੁੱਕ ਗਈ ਹੈ। ਫਿਰ ਵੀ ਔਖੇ-ਸੌਖੇ ਅਖਬਾਰਾਂ ਛਾਪਣੀਆਂ ਪੈ ਰਹੀਆਂ ਹਨ। ਆਨਲਾਈਨ ਅਖ਼ਬਾਰ, ਚੈਨਲਾਂ ਤੇ ਨਿਊਜ, ਵਿਊਜ, ਕਵਰੇਜ ਦੇਣੀ ਪੈਦੀ ਹੈ। ਪੱਤਰਕਾਰ ਵੀਰ ਕੋਰੋਨਾ ਵਰਗੀ ਭੈੜੀ ਬੀਮਾਰੀ ਦੇ ਚੱਲਦਿਆਂ ਵੀ ਫੀਲਡ ਵਿੱਚ ਕੰਮ ਕਰ ਰਹੇ ਹਨ। ਕਿਸੇ ਨਾ ਕਿਸੇ ਜਰੀਏ ਪਾਠਕਾਂ ਤੱਕ ਖਬਰਾਂ ਪਹੁੰਚਾਈਆਂ ਜਾ ਰਹੀਆਂ ਹਨ। ਫਿਰ ਸਾਰੀਆਂ ਅਖ਼ਬਾਰਾਂ ਤੇ ਮੈਗਜੀਨਜ ਦੇ ਖ਼ਰਚੇ ਕਿਵੇਂ ਪੂਰੇ ਹੋਣਗੇ? ਸਾਨੂੰ ਤਾਂ ਸਰਕਾਰ ਨੇ ਵੀ ਕੁੱਝ ਨਹੀਂ ਦੇਣਾ। ਜਿਨ੍ਹਾ ਅਖ਼ਬਾਰ ਤੇ ਮੈਗਜੀਨ ਵਾਲਿਆਂ ਨੇ ਸੇਵਿੰਗ ਕਰਕੇ ਲੱਖਾਂ ਕਰੋੜਾਂ ਬਚਾਏ ਹੋਏ ਹਨ ਉਹ ਉਸ ਵਿਚੋਂ ਲਗਾ ਕੇ ਮਾੜਾ ਸਮਾਂ ਲੰਘਾ ਲੈਣਗੇ। ਪਰ ਸਾਡੇ ਵਰਗੇ ਮੀਡੀਆ ਅਦਾਰਿਆ ਲਈ ਲਗਾਤਾਰ ਆਪਣੇ ਮੈਗਜੀਨ ਚਲਦੇ ਰੱਖਦੇ ਬਹੁੱਤ ਔਖੀ ਗੱਲ ਹਨ।

ਸਪੋਕਸਮੈਨ ਵਿਚ ਖ਼ਬਰ ਛਪੀ ਸੀ ਕਿ ਆਸਟਰੇਲੀਆ ਦੇ 60 ਛੋਟੇ ਅਖ਼ਬਾਰ ਛਪਣੇ ਬੰਦ ਹੋ ਗਏ ਹਨ ਕਿਉਂਕਿ ਉਨ੍ਹਾਂ ਨੂੰ ਇਸ਼ਤਿਹਾਰ ਨਹੀਂ ਮਿਲ ਰਹੇ। ਹੁਣ ਉਹ ਕੇਵਲ ਆਨਲਾਈਨ ਪਰਚੇ ਬਣ ਗਏ ਹਨ, ਅਰਥਾਤ ਕੇਵਲ ਮੋਬਾਈਲ ਫ਼ੋਨਾਂ ਉਤੇ ਹੀ ਪੜ੍ਹੇ ਜਾ ਸਕਦੇ ਹਨ। ਸਪੋਕਸਮੈਨ ਦੀ ਉਸ ਖ਼ਬਰ ਅਨੁਸਾਰ ਇਹ ਸੱਚ ਹੈ ਕਿ ਵਿਦੇਸ਼ਾਂ ਵਿਚ ਤਾਂ ਔਕੜ ਵਿਚ ਆਏ ਅਖ਼ਬਾਰਾਂ ਨੂੰ ਬਚਾਉਣ ਲਈ ਕਈ ਸੰਸਥਾਵਾਂ ਤੇ ਅਮੀਰ ਲੋਕ ਵੀ ਅੱਗੇ ਆ ਜਾਂਦੇ ਹਨ ਜਦਕਿ ਪੰਜਾਬੀ ਦੇ ਕਿਸੇ ਅਖ਼ਬਾਰ ਸਾਹਮਣੇ ਆਰਥਕ ਤੰਗੀ ਕਰ ਕੇ ਬੰਦ ਹੋਣ ਦੀ ਨੌਬਤ ਆ ਜਾਏ ਤਾਂ ਕੋਈ ਇਕ ਧੇਲੇ ਦੀ ਮਦਦ ਲੈ ਕੇ ਵੀ ਅੱਗੇ ਨਹੀਂ ਆਉਂਦਾ। ਬਹੁਤੇ ਅਮੀਰ ਪੰਜਾਬੀ ਤਾਂ ਪੰਜਾਬੀ ਅਖ਼ਬਾਰਾਂ ਪੜ੍ਹਦੇ ਹੀ ਨਹੀਂ, ਨਾ ਉਨ੍ਹਾਂ ਨੂੰ ਪੰਜਾਬੀ ਅਖ਼ਬਾਰ ਦੇ ਬੰਦ ਹੋਣ ਨਾਲ ਕੋਈ ਫ਼ਰਕ ਹੀ ਪੈਂਦਾ ਹੈ। ਪੰਜਾਬੀ ਦੇ ਨਾਂ ਤੇ ਗਲਾ ਪਾੜਨ ਵਾਲੀਆਂ ਸੰਸਥਾਵਾਂ ਪੰਜਾਬੀ ਅਖ਼ਬਾਰਾਂ ਨੂੰ ਸਿਰਫ਼ ਵਰਤਦੀਆਂ ਹਨ, ਮਦਦ ਲਈ ਕਦੇ ਅੱਗੇ ਨਹੀਂ ਆਉਂਦੀਆਂ। ਜਦੋਂ ਸਿੰਘ ਸਭਾ ਲਹਿਰ ਦੇ ਬਾਨੀਆਂ ਦੇ ਪਹਿਲੇ ਸਿੱਖ ਅਖ਼ਬਾਰ ਦੀ ਪ੍ਰੈੱਸ ਉਤੇ ਤਾਲਾ ਲਗਾ ਦਿੱਤਾ ਗਿਆ ਤਾਂ ਉਨ੍ਹਾਂ ਬੜੀ ਗੁਹਾਰ ਲਗਾਈ ਕਿ ਸਿੱਖ, ਪੈਸੇ ਦੀ ਮਦਦ ਕਰ ਕੇ ਆਪਣੇ ਪਹਿਲੇ ਸਿੱਖ ਅਖ਼ਬਾਰ ਨੂੰ ਬਚਾ ਲੈਣ। ਸਿੱਖਾਂ ਨੇ ਇਕ ਪੈਸਾ ਨਾ ਦਿਤਾ ਤੇ ਅਖ਼ਬਾਰ ਬੰਦ ਕਰਵਾ ਲਿਆ। ਮਾਸਟਰ ਤਾਰਾ ਸਿੰਘ, ਸਰਦਾਰ ਹੁਕਮ ਸਿੰਘ ਤੇ ਭਗਤ ਲਕਸ਼ਮਣ ਸਿੰਘ ਵਰਗਿਆਂ ਨੇ ਬੜੀਆਂ ਅਪੀਲਾਂ ਕੀਤੀਆਂ ਕਿ ਪੈਸੇ ਦਿਉ, ਸਿੱਖਾਂ ਦਾ ਅੰਗਰੇਜ਼ੀ ਦਾ ਰੋਜ਼ਾਨਾ ਅਖ਼ਬਾਰ ਸ਼ੁਰੂ ਕਰੀਏ। ਕਿਸੇ ਨੇ ਮਦਦ ਕੀਤੀ? ਦੱਸਣ ਦੀ ਗੱਲ ਏਨੀ ਹੀ ਹੈ ਕਿ ਪੰਜਾਬੀ ਦਾ ਅਖ਼ਬਾਰ ਮੁਸ਼ਕਲ ਵਿਚ ਆ ਜਾਵੇ ਜਾਂ ਡੁੱਬਣ ਲੱਗ ਪਵੇ ਤਾਂ ਉਸ ਨੂੰ ਬਚਾਉਣ ਲਈ ਪੰਜਾਬੀ ਪ੍ਰੇਮੀ ਹੋਣ ਦਾ ਦਾਅਵਾ ਕਰਨ ਵਾਲੇ ਤਾਂ ਕਦੇ ਵੀ ਅੱਗੇ ਨਹੀਂ ਆਏ। ਇਹ ਸੀ ਸਪੋਕਸਮੈਨ ਦੀ ਖਬਰ।

ਆਪਾਂ ਗੱਲ ਕਰੀਏ ਆਪਣੇ ਮੀਡੀਏ ਦੀ! ਜੇ ਅੱਜ ਦੇ ਟਾਈਮ ਦੀ ਗੱਲ ਕਰੀਏ ਤਾਂ ਅੱਜ ਦੇ ਟਾਈਮ ਸੱਚੀ-ਸੁਚੀ ਅਤੇ ਇਮਾਨਦਾਰੀ ਦੀ ਪੱਤਰਕਾਰੀ ਕਰਨੀ ਬਹੁੱਤ ਮਹਿੰਗੀ ਪੈ ਰਹੀਂ ਹੈ। ਸਭ ਤੋਂ ਪਹਿਲਾ ਰਾਸ਼ਨ ਵੰਡਣ ਵਾਲੀਆਂ ਖਬਰਾ ਦੀ ਗੱਲ ਕਰੀਏ ਤਾਂ ਜੇਕਰ ਰਾਸ਼ਨ ਵੰਡਣ ਦੀ ਖਬਰ ਲਾਈਏ ਤਾਂ ਲੋਕ ਇੰਤਰਾਜ ਕਰਦੇ ਹਨ ਕਿ ਤੁਸੀਂ ਗਰੀਬਾ ਦਾ ਮਜਾਕ ਉਡਾਉਦੇ ਹੋ। ਇਹ ਗੱਲ ਸਹੀ ਵੀ ਹੈ। ਮੈਂ ਵੀ ਇਸ ਦੇ ਹੱਕ ਵਿੱਚ ਨਹੀਂ ਕਿ ਕਿਸੇ ਨੂੰ ਹਫਤੇ-ਖੰਡ ਦਾ ਰਾਸ਼ਨ ਦੇ ਕੇ ਉਸ ਦੀ ਗਰੀਬੀ ਦਾ ਮਜਾਕ ਉਡਾਇਆ ਜਾਵੇ, ਉਸ ਨੂੰ ਜਲੀਲ ਕੀਤਾ ਜਾਵੇ। ਪਰ ਇਸ ਦੇ ਉਲਟ ਰਾਸ਼ਨ ਵੰਡਣ ਵਾਲੀਆਂ ਕੁੱਝ ਸੰਸਥਾਵਾ ਅਤੇ ਕੁੱਝ ਵਿਅਕਤੀ ਮੇਰੇ ਨਾਲ ਗਿਲਾ ਕਰ ਰਹੇ ਹਨ ਕਿ ਮੈਂ ਉਨ੍ਹਾ ਦੀਆਂ ਰਾਸ਼ਨ ਵੰਡਣ ਵਾਲੀਆਂ ਖਬਰਾਂ ਨਹੀਂ ਲਾ ਰਿਹਾ। ਇੱਕ-ਦੋ ਵਿਅਕਤੀਆਂ ਨੇ ਤਾਂ ਮੈਨੂੰ ਇਥੋਂ ਤੱਕ ਕਿਹਾ ਕਿ ਇਸ਼ਤਿਹਾਰ ਲੈਣ ਸਾਡੇ ਕੋਲ ਆ ਜਾਨੇ ਆ, ਖਬਰਾਂ ਸਾਡੀਆਂ ਲਾਉਂਦੇ ਨਹੀਂ। ਜਦ ਕਿ ਉਨ੍ਹਾ ਵੱਲੋਂ ਕਦੇ ਕੋਈ ਖਾਸ਼ ਇਸ਼ਤਿਹਾਰ ਵੀ ਨਹੀਂ ਦਿੱਤੇ ਗਏ।

ਵੈਸੇ ਵੀ ਇਸ਼ਤਿਹਾਰ ਦੇਣਾ ਅਤੇ ਖਬਰਾ ਲਗਾਉਣਾ ਵੱਖਰੀ-ਵੱਖਰੀ ਗੱਲ ਹੈ। ਜੇਕਰ ਕਿਸੇ ਨੇ ਇਸ਼ਤਿਹਾਰ ਦਿੱਤਾ ਹੈ ਤਾਂ ਅਸੀਂ ਇਸ਼ਤਿਹਾਰ ਲਗਾਇਆ ਵੀ ਤਾਂ ਹੈ। ਦਾਨ ਵਜੋਂ ਪੈਸੇ ਨਹੀਂ ਲਏ। ਸਾਡੇ ਪੱਤਰਕਾਰਾ ਨੇ ਜਾਂ ਮੈਂ ਖੁਦ ਇਸ਼ਤਿਹਾਰ ਲਿਆ ਹੈ ਤਾਂ ਮਿਹਨਤ ਦਾ ਮੁੱਲ ਲਿਆ ਹੈ। ਇਸ਼ਤਿਹਾਰ ਦੇਣ ਦਾ ਮਤਲਬ ਇਹ ਨਹੀਂ ਕਿ ਇਸ਼ਤਿਹਾਰ ਦੇਣ ਵਾਲਾ ਜੋ ਮਰਜੀ ਖਬਰਾਂ ਲਵਾਈ ਜਾਵੇ।

ਪਿਛਲੇ ਦਿਨਾ ਵਿੱਚ ਜੋ ਬੀਤਿਆ ਉਸ ਨੇ ਤਾਂ ਮਨ ਤੇ ਗਹਿਰਾ ਅਸਰ ਪਾਇਆ। ਕੁੱਝ ਲੋਕ ਆਪਣਾ ਨਾਮ ਚਮਕਾਉਣ ਲਈ ਬਾਤ ਦਾ ਬਤੰਗੜ ਬਣਾ ਦਿੰਦੇ ਹਨ। ਪ੍ਰਸਾਸ਼ਨ ਵੱਲੋਂ ਅਕਸਰ ਪ੍ਰੈਸ ਨੋਟ ਆਉਦੇਂ ਰਹਿੰਦੇ ਹਨ। ਜਿਨ੍ਹਾ ਨੂੰ ਲੋਕਾਂ ਤੱਕ ਪਹੁੰਚਾਉਣਾ ਸਾਡੀ ਜਿੰਮੇਵਾਰੀ ਵੀ ਹੁੰਦੀ ਹੈ। ਕੁਝ ਲੋਕਾਂ ਇਸ ਗੱਲ ਤੇ ਇਤਰਾਜ ਕਰ ਰਹੇ ਹਨ ਕਿ 'ਮਹਿਕ ਵਤਨ ਦੀ' ਵਾਲੇ ਪ੍ਰਸ਼ਾਸਨ ਵੱਲੋਂ ਖਰੀਦੇ ਗਏ ਹਨ। ਇਸ ਵਿੱਚ ਖਰੀਦੇ ਜਾਣ ਵਾਲੀ ਕਿਹੜੀ ਗੱਲ ਹੈ। ਪ੍ਰਸਾਸ਼ਨ ਦਾ ਸਹਿਯੋਗ ਦੇਣਾ ਸਾਡਾ ਫਰਜ ਹੈ।

ਸ਼੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜੂਰੀ ਰਾਗੀ ਭਾਈ ਨਿਰਮਲ ਸਿੰਘ ਜੀ ਦੇ ਅਕਾਲ ਚਲਾਨਾ ਕਰ ਜਾਣ ਤੇ ਉਨ੍ਹਾ ਬਾਰੇ ਲੱਗੀ ਖਬਰ ਤੇ ਬਹੁੱਤ ਇਤਰਾਜ ਆਏ ਸਨ ਕਿ ਉਨ੍ਹਾ ਦੀ ਮੌਤ ਕੋਰੋਨਾ ਵਾਈਰਸ ਨਾਲ ਨਹੀਂ ਹੋਈ। ਤੁਸੀਂ ਕਿਉਂ ਲਿਖਿਆ ਹੈ। ਮੈਂ ਦੱਸ ਦੇਵਾ ਕਿ ਮੈਂ ਵੀ ਸਿੱਖ ਹਾਂ, ਬਾਕੀ ਸਭ ਬਾਅਦ ਵਿੱਚ ਹੈ ਸਭ ਤੋਂ ਪਹਿਲਾ ਮੈਂ ਸਿੱਖ ਹਾਂ। ਰਾਗੀ ਭਾਈ ਨਿਰਮਲ ਸਿੰਘ ਜੀ ਮੇਰੇ ਲਈ ਵੀ ਅਤੀ ਸਤਿਕਾਰਯੋਗ ਸਨ। ਪਰ ਜਿੱਥੋਂ ਤੱਕ ਖਬਰ ਦਾ ਸਬੰਧ ਹੈ ਮੈਂ ਖਬਰ ਉਸ ਆਧਾਰ ਤੇ ਲਗਾ ਸਕਦਾ ਜੋ ਮੇਰੇ ਕੋਲ ਸਬੂਤ ਹੋਣ। ਰਾਗੀ ਭਾਈ ਨਿਰਮਲ ਸਿੰਘ ਜੀ ਬਾਰੇ ਜੋ ਰਿਪੋਰਟ ਪ੍ਰਸ਼ਾਸਨ ਵੱਲੋਂ ਆਈ ਸੀ ਉਸ ਦੇ ਆਧਾਰ ਤੇ ਹੀ ਖਬਰ ਲੱਗੀ ਸੀ।

ਹੁਣ ਬੀਤੇ ਦਿਨੀ ਪਟਿਆਲੇ ਜੋ ਘਟਨਾ ਵਾਪਰੀ ਹੈ। ਨਹਿੰਗਾ ਸਿੰਘਾ ਅਤੇ ਪੁਲਿਸ ਦੀ ਲੜਾਈ ਬਾਰੇ, ਇਸ ਬਾਰੇ ਵੀ ਦੋ-ਰਾਇ ਹੋਈ ਪਈ ਹੈ। ਕੁੱਝ ਲੋਕ ਨਹਿੰਗਾ ਸਿੰਘਾ ਦੇ ਹੱਕ ਵਿੱਚ ਬੋਲ ਰਹੇ ਹਨ ਅਤੇ ਕੁੱਝ ਲੋਕ ਪੁਲਿਸ ਦੇ ਹੱਕ ਵਿੱਚ ਬੋਲ ਰਹੇਂ ਹਨ। ਜੇਕਰ ਪੁਲਿਸ ਦੇ ਹੱਕ ਵਿੱਚ ਕੁੱਝ ਲਿਖਿਆ ਜਾਦਾ ਹੈ ਤਾਂ ਕੁੱਝ ਜੱਥੇਬੰਦੀਆਂ ਇਤਰਾਜ ਕਰਦੀਆਂ ਹਨ ਅਤੇ ਜੇਕਰ ਨਹਿੰਗਾ ਸਿੰਘਾ ਦੇ ਹੱਕ ਵਿੱਚ ਕੁੱਝ ਲਿਖਿਆ ਜਾਦਾ ਹੈ ਤਾਂ ਪ੍ਰਸ਼ਾਸਨ ਇਤਰਾਜ ਕਰਦਾ ਹੈ। ਜਦੰਕਿ ਅਸੀਂ ਕਿਸੇ ਦੇ ਹੱਕ ਵਿੱਚ ਵੀ ਨਹੀਂ ਲਿਖ ਰਹੇ ਅਤੇ ਕਿਸੇ ਦੇ ਵਿਰੋਧ ਵਿੱਚ ਵੀ ਨਹੀਂ। ਅਸੀਂ ਤਾਂ ਲੋਕਾਂ ਦੇ ਦਿੱਤੇ ਬਿਆਨ ਹੀ ਖਬਰਾਂ ਬਣਾ ਕੇ ਪ੍ਰਕਾਸ਼ਿਤ ਕਰ ਰਹੇ ਹਾਂ।

ਮੌਜੂਦਾ ਸਮੇਂ ਚੱਲ ਰਹੀ ਭਿਆਨਕ ਮਹਾਂ-ਮਾਰੀ ਕੋਰੋਨਾ ਵਾਈਰਸ ਬਾਰੇ ਖਬਰਾਂ ਲਗਾਉਣ ਤੇ ਸਰਕਾਰ ਵੱਲੋਂ ਕਈ ਕੰਡੀਸ਼ਨਾਂ ਲਾਗੂ ਕਰ ਦਿੱਤੀਆਂ ਗਈਆਂ ਹਨ। ਮੌਜੂਦਾ ਸਮੇਂ ਅਸੀਂ ਕਿਤੇ ਜਾ ਕੇ ਕਿਸੇ ਖਬਰ ਨੂੰ ਵੈਰੀਫਾਈ ਨਹੀਂ ਕਰ ਸਕਦੇ। ਫਿਰ ਹੁਣ ਕਿਹੜੀਆਂ ਖਬਰਾ ਲਗਾਈਆਂ ਜਾਣ।

ਸੋ ਇਨ੍ਹਾ ਸਾਰੀਆਂ ਗੱਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲੈ ਰਿਹਾ ਹਾਂ ਕਿ ਕੁੱਝ ਸਮੇਂ ਲਈ ਅਤੀ ਜਰੂਰੀ, ਖਾਸ ਅਤੇ ਸਿਰਫ ਸਾਹਿਤਕ, ਸੱਭਿਆਚਾਰਕ, ਸੰਤ-ਮਹਾਪੁਰਖਾਂ ਦੇ ਸਮਾਗਮ ਅਤੇ ਸੱਤ ਸਮੁੰਦਰੋ ਪਾਰ ਵਾਪਰਦੀਆਂ ਖਾਸ ਘਟਨਾਵਾਂ ਦੀਆਂ ਹੀ ਖਬਰਾ ਲੱਗਣਗੀਆਂ। ਰਾਜਨੀਤਿਕ ਅਤੇ ਜੱਥੇਬੰਦੀਆਂ ਵਾਲੇ ਵੀਰ ਮੁਆਫ ਕਰਨ।

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

ਮਹਿਕ ਵਤਨ ਦੀ

'Mehak Watan Di Live' • ਲਾਈਵ

Titel Regd. No. PUNPUN 04016 | Year 05 | Edition 02 | Issue Date: 01-May-2020

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




# ਨਜ਼ਰੀਆ ਆਪੋ ਆਪਣਾ ...!



- ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ : ਮੈਗਜ਼ੀਨ 'ਮਹਿਕ ਵਤਨ ਦੀ ਲਾਈਵ')

## ...ਗਿਟੇ ਲੱਗੇ ਚਾਹੇ ਗੋਡੇ # ਲੀਰ ਬਣ ਕੇ ਰਹਿ ਗਿਆ ਸਰੋਪਾ

ਸਿਰੋਪਾ ਜਾਂ ਸਿਰੋਪਾਓ! ਇਕ ਮਾਣ ਤੇ ਸਨਮਾਣ ਦੀ ਪਵਿੱਤਰ ਨਿਸ਼ਾਨੀ ਹੈ। ਪਰ ਅੱਜ ਥੋਕ ਦੇ ਭਾਅ ਵੰਡੇ ਕਾ ਰਹੇ ਸਰੋਪੇ ਦੀ ਕੋਈ ਖਾਸ ਕੀਮਤ ਨਹੀਂ ਰਹੀਂ ਅਤੇ ਸਿਰੋਪਾ ਇੱਕ ਲੀਰ ਬਣ ਕਰ ਰਹਿ ਗਿਆ ਹੈ।

ਮੈਂ ਇੱਕ ਦਿਨ ਆਪਣੇ ਕਿਸੇ ਖਾਸ ਰਿਸਤੇਦਾਰ ਦੇ ਘਰ ਗਿਆ। ਉਥੇਂ ਸੈਕ ਤੇ ਹੱਥ ਧੋ ਕੇ ਜਸ ਤੋਲੀਏ ਵੱਲ ਨੂੰ ਹੋਇਆਂ ਤਾਂ ਕੀ ਵੇਖਿਆ ਕਿ ਤੋਲੀਆਂ ਟੰਗਣ ਵਾਲੀ ਜਗ੍ਹਾ ਤੇ ਸਿਰੋਪਾ ਟੰਗਿਆ ਪਿਆ ਸੀ। ਸਿੱਖ ਕੌਮ ਨੂੰ ਸਬੰਧ ਰੱਖਦੇ ਹਾਂ ਇਨ੍ਹੀ ਕੁ ਤਾਂ ਨਾਲਿਜ ਸੀ ਕਿ ਇਹ ਗੁਰੂ ਘਰ ਵੱਲੋਂ ਬਖਸ਼ਿਸ ਹੋਈ ਸਨਮਾਣ ਦੀ ਨਿਸ਼ਾਨੀ ਹੈ ਇਸ ਨੂੰ ਹੱਥ ਪੂੰਝਣ ਲਈ ਵਰਤਨਾ ਉਚਿੱਤ ਨਹੀਂ ਹੈ। ਮੈਂ ਆਪਣੀ ...... ਰਿਸਤੇਦਾਰ ਨੂੰ ਕਹਿ ਹੀ ਦਿੱਤਾ ਕਿ ...ਜੀ ਤੁਸੀਂ ਤੋਲੀਏ ਦੀ ਜਗ੍ਹਾ ਇਹ ਸਿਰੋਪਾ ਕਿਉਂ ਰੱਖਿਆ ਹੈ ਤਾਂ ਉਸ ਦਾ ਉੱਤਰ ਸੀ ਪੁੱਤ ਫਿਰ ਇਨ੍ਹਾ ਦਾ ਕੀ ਕਰੀਏ? ਥਾਂ-ਥਾਂ ਰੁਲਦੇ ਫਿਰਦੇ ਆ...!

ਗੱਲ ਸੋਚਣ ਵਾਲੀ ਹੈ ! ਸਿਰੋਪੇ ਦੀ ਇੰਨੀ ਬੇ-ਕਦਰੀ ਤਾਂ ਹੀ ਹੋ ਰਹੇ ਹੈ। ਧਾਰਮਿਕ ਸਮਾਗਮਾਂ ਤੇ ਸੰਤ ਮਹਾਪੁਰਖ ਹਜਾਰਾ ਸਿਰੋਪੇ ਵੰਡ ਦਿੰਦੇ ਆ। ਕੀਰਤਨੀਏ ਸਿੰਘਾ ਤੋਂ ਲੈ ਕੇ ਰਾਗੀ, ਢਾਡੀ, ਪੱਤਰਕਾਰ, ਸੇਵਾਦਾਰ, ਟੈਂਟ ਵਾਲੇ, ਸਾਉਡ ਵਾਲੇ, ਪਾਠ ਕਰਵਾਉਣ ਵਾਲੇ, ਛਬੀਲਾ ਲਾਉਣ ਵਾਲੇ, ਚਾਹ ਵਰਤਾਉਣ ਵਾਲੇ, ਦਰੀਆਂ ਝਾੜਣ ਵਾਲੇ, ਜੋੜੇ ਝਾੜਣ ਵਾਲੇ, ਪਾਣੀ ਪਿਲਾਉਣ ਵਾਲੇ, ਚੌਕੀਦਾਰੀ ਕਰਨ ਵਾਲੇ! ਘੱਲ ਕੀ ਹਰ ਸਬੰਧਤ ਵਿਅਕਤੀ ਨੂੰ ਸਿਰੋਪਾ ਦੇ ਕੇ ਖੁਸ਼ ਕਰਨ ਦਾ ਯਤਨ ਕੀਤਾ ਜਾਦਾ ਹੈ ਜਦ ਕਿ ਬਹੁੱਤਿਆ ਨੂੰ ਸਿਰੋਪੇ ਦੀ ਕੀਮਤ ਵੀ ਨਹੀਂ ਪਤਾ।



ਸਿਰੋਪਾ ਦਾ ਮਤਲਬ ਤਾਂ ਇਹ ਸੀ ਕਿ ਕਿਸੇ ਖਾਸ ਸੇਵਾ ਨਿਭਾਉਣ ਵਾਲੇ ਨੂੰ ਗੁਰੂਘਰ ਤੋਂ ਸਿਰਪੋ ਦੇ ਉਸ ਦਾ ਖਾਸ ਸਨਮਾਣ ਕਰਨਾ ਅਤੇ ਇਕ ਖਾਸ ਜੁਮੰਵਾਰੀ ਉਸ ਨੂੰ ਦੇਣਾ। ਪੱਗ ਦੇਣਾ ਤੇ ਸਿਰੋਪਾ ਦੇਣਾ, ਕੋਈ ਖਾਸ ਜਿੰਮੇਵਾਰੀ ਦੇਣਾ ਹੀ ਹੁੰਦਾ ਹੈ। ਪਰ ਥੋਕ ਦੇ ਭਾਅ ਵੰਡੇ ਜਾਂ ਰਹੇ ਇੰਨ੍ਹਾ ਸਿਰੋਪਿਆ ਦਾ ਕੀ ਕੀਤਾ ਜਾਵੇ?

ਮੈਂ ਵੀ ਸੋਚ ਰਿਹਾ ਸੀ ਕਿ ਮੇਰੀ ਵੀ ਅਲਮਾਰੀ ਇਨ੍ਹਾ ਸਿਰੋਪਿਆ ਨਾਲ ਭਰੀ ਪਈ ਹੈ। ਜਿਨ੍ਹਾ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਮੈਂ ਵੀ ਇਨ੍ਹਾ ਨੂੰ ਕਿੰਨ੍ਹਾ ਕੁ ਚਿਰ ਸੰਭਾਲ ਕੇ ਰੱਖਾਗਾ ਤੇ ਰੱਖੇ ਹੋਏ ਇਨ੍ਹਾ ਸਿਰੋਪਿਆ ਦਾ ਅੰਤ ਵਿੱਚ ਕੀ ਕਰਾਗਾ। ਤੁਹਾਡੇ ਕੋਲ ਵੀ ਕਈ ਸਿਰੋਪੇ ਹੋਣਗੇ। ਇਕ ਬੰਦਾ ਸਾਲ ਵਿੱਚ ਕਿੰਨੇ ਕੁ ਸਿਰੋਪੇ ਸਿਰ ਤੇ ਬੰਨਣ ਲਈ ਵਰਤ ਲਵੇਗਾ ? ਇੱਕ, ਦੋ, ਤਿੰਨ ਜਾਂ ਵੱਧ ਤੋਂ ਵੱਧ ਤਿੰਨ !

ਇਹ ਗੱਲ ਕਿਸੇ ਦੇ 'ਗੋਡੇ ਲੱਗੇ ਚਾਹੇ ਗਿਟੇ' ਮੈਨੂੰ ਤਾਂ ਇਹ ਹਰ ਐਰੇ-ਗੈਰੇ ਨੂੰ ਸਿਰੋਪਾ ਦੇਣ ਵਾਲੀ ਗੱਲ ਜੱਚਦੀ ਨਹੀਂ।

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।